Tel: 604.596.7733
Fax: 604.596.7941
www.sd36.bc.ca

**May 28, 2007**

# ਸਰ੍ਹੀ ਸਕੂਲ ਡਿਸਟਰਿਕਟ ਨੇ ਵੈਸਾਖੀ ਦੇ ਨਗਰ ਕੀਰਤਨ ਵਿੱਚ ਹਿੱਸਾ ਲਿਆ

**Surrey School District attends Vaisakhi Parade**

ਇਸ ਬੀਤੇ ਅਪਰੈਲ ਦੇ ਮਹੀਨੇ, ਸਰ੍ਹੀ ਸਕੂਲ ਡਿਸਟਰਿਕਟ ਦੇ ਸਟਾਫ ਅਤੇ ਵਿਦਿਆਰਥੀਆਂ ਨੇ ਵੈਸਾਖੀ ਦੇ ਨਗਰ ਕੀਰਤਨ ਵਿੱਚ ਪਹਿਲੀ ਵਾਰੀ ਹਿੱਸਾ ਲਿਆ। ਇਸ ਨਗਰ ਕੀਰਤਨ ਵਿੱਚ ਸਕੂਲ ਡਿਸਟਰਿਕਟ ਦੇ ਫਸਿਲਟੀਜ਼ ਦੇ ਵਿਭਾਗ ਨੇ ਇੱਕ ਫਲੋਟ ਤਿਆਰ ਕੀਤਾ ਜਿਹੜਾ ਸੱਤਾ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਵਿਦਿਆਰਥੀਆਂ ਦੇ ਕੀਤੇ ਹੋਏ ਕੰਮਾ ਨਾਲ ਸਜਾਇਆ। ਇਸ ਨਗਰ ਕੀਰਤਨ ਵਿੱਚ ਇਨਾਂ ਪ੍ਰਾਇਮਰੀ ਸਕੂਲਾਂ ਨੇ ਹਿੱਸਾ ਲਿਆ: ਬੀਵਰ ਕਰੀਕ, ਕਰਕਬਰਾਈਡ, ਕੂਗੁਰ ਕਰੀਕ, ਡਾ:ਐਫ.ਡੀ.ਸਿੰਕਲੇਅਰ, ਨਿਊਟਨ, ਸਟਰ੍ਹਾਬਰੀ ਹਿੱਲ ਅਤੇ ਵੈਸਟਰਮੈਨ। ਇਨ੍ਹਾਂ ਸੱਤਾਂ ਸਕੂਲਾਂ ਤੋਂ ਵਿਦਿਆਰਥੀਆਂ ਨੇ ਡਿਸਟਰਿਕਟ ਦੇ ਫਲੋਟ ਦੇ ਪਿੱਛੇ ਤੁਰਕੇ ਇਸ ਨਗਰ ਕੀਰਤਨ ਵਿੱਚ ਹਿੱਸਾ ਲਿਆ।

ਇਸ ਤਰਾਂ ਸਰ੍ਹੀ ਸਕੂਲ ਡਿਸਟਰਿਕਟ ਲਈ ਨਗਰ ਕੀਰਤਨ ਵਿੱਚ ਹਿੱਸਾ ਲੈਣ ਲਈ ਸਭ ਤੋਂ ਪਹਿਲਾਂ ਵਿਚਾਰ ਇਨ੍ਹਾਂ ਸੱਤਾਂ ਸਕੂਲਾਂ ਦੇ ਪ੍ਰਿੰਸੀਪਲਾਂ ਕੋਲੋਂ ਸ਼ੁਰੂ ਹੋਈ।

ਡਿਸਟਰਿਕਟ ਦੇ ਡੱਗ ਸਟਰੈਕਨ ਨੇ ਕਿਹਾ ਕਿ, "ਇਹ ਤਾਂ ਆਮ ਪਤਾ ਹੀ ਹੈ ਕਿ ਸਾਡੇ ਸਕੂਲਾਂ ਵਿੱਚ ਇੰਡੋ ਕਨੈਡੀਅਨ ਭਾਈਚਾਰੇ ਦੇ ਬੱਚਿਆਂ ਦੀ ਕਾਫੀ ਗਿਣਤੀ ਹੈ। ਅਸੀਂ ਚਾਹੁੰਦੇ ਹਾਂ ਕਿ ਪਬਲਿਕ ਐਜੂਕੇਸ਼ਨ ਦੇ ਫਾਇਦਿਆਂ ਬਾਰੇ ਆਮ ਜਨਤਾ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ"।

ਵਿਸਾਖੀ ਦਾ ਤਿਓਹਾਰ ਸਿੱਖ ਧਰਮ ਦੀ ਸਥਾਪਨਾ ਲਈ ਇੱਕ ਮਹੱਤਵ ਪੂਰਨ ਤਿਓਹਾਰ ਹੈ ਅਤੇ ਸਰ੍ਹੀ ਦਾ ਨਗਰ ਕੀਰਤਨ ਨੌਰਥ ਅਮਰੀਕਾ ਵਿੱਚ ਸਿੱਖਾਂ ਲਈ ਸੱਭ ਤੋਂ ਵੱਡਿਆਂ ਤਿਓਹਾਰਾਂ ਵਿੱਚ ਇੱਕ ਹੈ। ਇਸ ਨਗਰ ਕੀਰਤਨ ਵਿੱਚ ਜੋ ਗੁਰਦੁਵਾਰਾ ਦਸ਼ਮੇਸ਼ ਦਰਬਾਰ ਤੋਂ ਚਲਿਆ, ਕਈ ਹਜ਼ਾਰ ਲੋਕਾਂ ਨੇ ਹਿੱਸਾ ਲਿਆ ।